# ਪੰਜਾਬੀ ਵਿਭਾਗ ਵੱਲੋਂ ਰੂਬਰੂ ਪ੍ਰੋਗਰਾਮ

ਸ੍ਰੀ ਗੁਰੁ ਨਾਨਕ ਦੇਵ ਖਾਲਸਾ ਕਾਲਜ ਮਿਤੀ 10 ਮਾਰਚ 2021 ਨੂੰ ਪੰਜਾਬੀ ਵਿਭਾਗ ਵੱਲੋਂ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿਚ ਪੰਜਾਬੀ ਲੇਖਿਕਾ ਬਚਿੰਤ ਕੌਰ ਨੇ ਆਪਣੀ ਸਵੈਜੀਵਨੀ ਪਗਡੰਡੀਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।ਪ੍ਰੋਗਰਾਮ ਦੀ ਸ਼ੁਰਆਤ ਵਿਭਾਗ ਦੀ ਅਧਿਆਪਕ ਡਾ.ਪਰਮਜੀਤ ਕੌਰ ਨੇ ਕੀਤੀ।ਇਸ ਪ੍ਰੋਗਰਾਮ ਵਿਚ ਨਾ ਸਿਰਫ ਪੰਜਾਬੀ ਵਿਭਾਗ ਦੇ ਅਧਿਆਪਕਾਂ ਨੇ ਹਿੱਸਾ ਲਿਆ ਬਲਕਿ ਦੂਜੇ ਕਾਲਜਾਂ ਦੇ ਅਧਿਆਪਕਾਂ ਨੇ ਵੀ ਹਿੱਸਾ ਲਿਆ।ਲੇਖਿਕਾ ਬਚਿੰਤ ਕੌਰ ਨੇ ਨਾ ਸਿਰਫ ਆਪਣੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਬਲਕਿ ਆਪਣੇ ਜੀਵਨ ਵਿਚਲੇ ਸੰਘਰਸ਼ ਬਾਰੇ ਵੀ ਦੱਸਿਆ।ਵਿਦਿਆਰਥੀਆਂ ਨੇ ਲੇਖਿਕਾਂ ਕੋਲੋਂ ਉਚਿਤ ਸਵਾਲ ਪੁੱਛ ਕੇ ਆਪਣੀ ਜਾਣਕਾਰੀ ਵਿਚ ਵੀ ਵਾਧਾ ਕੀਤਾ।ਵਿਭਾਗ ਦੇ ਕਨਵੀਨਰ ਡਾ. ਬਰਜਿੰਦਰ ਸਿੰਘ ਚੌਹਾਨ ਨੇ ਆਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ।ਵਿਭਾਗ ਦੇ ਬਾਕੀ ਅਧਿਆਪਕਾਂ ਡਾ. ਭੁਪਿੰਦਰਪਾਲ ਸਿੰਘ ਬਖਸ਼ੀ,ਡਾ.ਬੇਅੰਤ ਕੌਰ,ਡਾ.ਵਿਨੈਨੀਤ ਕੌਰ,ਡਾ.ਜਸਵਿੰਦਰ ਕੌਰ ਬਿੰਦਰਾ,ਡਾ.ਪਰਮਜੀਤ ਕੌਰ ਕੰਬੋਜ ਨੇ ਵੀ ਆਪਣੇ-ਆਪਣੇ ਸਵਾਲ ਪੁੱਛ ਕੇ ਜਾਣਕਾਰੀ ਹਾਸਿਲ ਕੀਤੀ।ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਨੂੰ ਲੇਖਿਕਾ ਬਚਿੰਤ ਕੌਰ ਦੇ ਰੂਬਰੂ ਕਰਵਾ ਕੇ ਉਨ੍ਹਾਂ ਦੀ ਜਾਣਕਾਰੀ ਵਿਚ ਵਾਧਾ ਕਰਨਾ ਸੀ।